## ਸੈਨਿਚ ਦੀ ਭੂਮਿਕਾ

ਜਿਲੇ ਦੀ ਇਹ ਜ਼ਿਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਵੇ ਕਿ ਤਜ਼ਵੀਜਾਂ ਇਕਰਾਰਨਾਮੇ ਦੀਆਂ ਧਾਰਾਵਾਂ ਅਨੁਸਾਰ ਹਨ।ਵਾਤਾਵਰਣਿਕ ਸੇਵਾਵਾਂ ਵਿਭਾਗ ਇਹ ਯਕੀਨੀ ਬਣਾਉਣ ਲਈ ਵਿਚਾਰੇਗਾ ਕਿ ਤੁਹਾਡੀਆਂ ਵਿਉਂਤਾਂ ਇਕਰਾਰਾਨਾਮਾ ਇਲਾਕੇ ਦੇ ਅਨੁਕੂਲ ਹਨ, ਜਾਂ ਆਗਿਆ ਲਈ ਬਿਨੇਪੱਤਰ ਲਿਖੋ।ਜੇਕਰ ਦੁਰਘਟਨਾ ਦੇ ਨਤੀਜੇ ਵਜੋਂ ਨੁਕਸਾਨ ਹੋ ਗਿਆ ਤਾਂ ਅਸੀਂ ਤੁਹਾਨੂੰ ਨਿਰਣਾ ਕਰਨ ਵਿੱਚ ਸਹਾਇਤਾ ਕਰਾਂਗੇ ਕਿ ਇਸ ਖੇਤਰ ਨੂੰ ਦੁਬਾਰਾ ਕਿਵੇਂ ਚੰਗੀ ਤਰਾਂ ਸਥਾਪਤ ਕੀਤਾ ਜਾਵੇ।ਜੇਕਰ ਇਕਰਾਰਨਾਮਾ ਸਮਝੌਤੇ ਦੀ ਇਹ ਉਲੰਘਣਾ ਜਾਣ ਬੁਝ ਕੇ ਕੀਤੀ ਹੈ,ਤਾਂ ਜਿਲਾ ਤੁਹਾਨੂੰ ਇਕਰਾਰਨਾਮਾ ਸਮਝੌਤੇ ਵਿੱਚ ਦਰਜ ਧਾਰਾਵਾਂ ਅਨੁਸਾਰ ਮਾਇਕ ਹਰਜ਼ਾਨਾ ਪਾ ਸਕਦਾ ਹੈ।



## ਜਾਣਕਾਰੀ ਲਈ ਵਾਤਾਵਰਣਿਕ ਸੇਵਾਵਾਂ ਵਿਭਾਗ ਨੂੰ ਸੰਪਰਕ ਕਰੋ:

- ਇਕਰਾਰਨਾਮੇ ਦੀ ਇੱਕ ਲਿਖਤ
- ਦੇਸੀ ਪੌਦੇ ਤੇ ਬੀਜ ਪ੍ਰਦਾਨ ਕਰਨ ਵਾਲਿਆਂ ਦੀ ਇੱਕ ਸੂਚੀ
- ਦੇਸੀ ਪੌਦਿਆਂ ਦੇ ਬਾਗਬਾਨਾਂ ਦੀ ਇੱਕ ਸੂਚੀ
- ਹਮਲਾਵਰ ਕਿਸਮਾਂ ਦੇ ਪੋਦਿਆਂ ਤੇ ਕਾਬੂ ਪਾਉਣ ਲਈ ਜਾਣਕਾਰੀ
- ਦੇਸੀ ਪੌਦਿਆਂ ਦੀ ਬਾਗਬਾਨੀ, ਰੁੱਖ ਸੁਰੱਖਿਅਤਾ, ਸ਼ਹਿਰੀ ਜੰਗਲ, ਨਦੀ ਕਿਨਾਰੇ ਦੀ ਸੁਰੱਖਿਆ ਅਤੇ ਜੰਗਲੀ ਜੀਵਨ ਪ੍ਰਬੰਧ ਬਾਰੇ ਜਾਣਕਾਰੀ

## ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਇਹ ਵੈਬਸਾਈਟਾਂ ਦੇਖੋ:

www.naturescapebc.ca

250-356-7111

www.goert.ca/handbook

www.saanich.ca/resident/environment/naturalenv.html

**ਜੇਕਰ ਦਰਖਤ ਇਕਰਾਰਨਾਮੇ ਬਾਰੇ ਤੁਹਾਡਾ ਕੋਈ ਪ੍ਰਸ਼ਨ ਹੈ ਤਾਂ ਕਿਰਪਾ ਕਰਕੇ ਸਨਿਚ ਪਾਰਕਸ ਨਾਲ ਸੰਪਰਕ ਕਰੋ: ਟੈਲੀਫੋਨ ਨੰਬਰ:**

**250-475-5522**

**www.saanich.ca**

Oct 2009



# ਕੁਦਰਤੀ ਅਵਸਥਾ ਇਕਰਾਰਨਾਮੇ

## ਜਾਇਦਾਦ ਦੇ ਮਾਲਕ ਹੋਣ ਤੇ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ

District of Saanich
Environmental Services
770 Vernon Avenue
Victoria, BC  V8X 2W7

## ਕੁਦਰਤੀ ਅਵਸਥਾ ਇਕਰਾਰਨਾਮੇ ਕੀ ਹਨ?

ਇਕਰਾਰਨਾਮੇ, ਜਾਇਦਾਦ ਦੇ ਮਾਲਕ ਜਾਂ ਵਿਕਾਸ ਕਰਤਾ ਅਤੇ ਸੈਨਿਚ ਜਿਲੇ ਦੇ ਦਰਮਿਆਨ ਲਿਖਤੀ ਸਮਝੌਤੇ ਹਨ। ਇਕਰਾਰਨਾਮੇ ਭਵਿਖ ਵਿੱਚ ਹੋਣ ਵਾਲੇ ਮਾਲਕਾਂ ਲਈ ਕਾਨੂੰਨੀ ਪਾਬੰਦੀਆਂ ਹਨ। ਇਕਰਾਰਨਾਮੇ ਲਿਖਤ, ਜਾਇਦਾਦ ਦੇ ਉਸ ਖੇਤਰ ਦੀ ਪਛਾਣ ਕਰਦੇ ਹਨ ਜਿਸ ਨੂੰ ਕੁਦਰਤੀ ਅਵਸਥਾ ਵਿਚ ਰੱਖਣਾ ਹੈ। ਇਕਰਾਰਨਾਮੇ ਆਮ ਕਰਕੇ ਉਪਵੰਡ ਜਾਂ ਦੁਬਾਰਾ ਇਲਾਕਾ ਬੰਦੀ ਸਮੇਂ ਤਿਆਰ ਕੀਤੇ ਜਾਂਦੇ ਹਨ ਅਤੇ ਇਸ ਕਰਕੇ ਇਕਰਾਰਨਾਮੇ ਨਾਲ ਲਗਦੀ ਜਾਇਦਾਦ ਤੇ ਵੀ ਲਾਗੂ ਹੁੰਦੇ ਹਨ।

ਕੁਦਰਤੀ ਅਵਸਥਾ ਇਕਰਾਰਨਾਮੇ ਦਾ ਮੰਤਵ,ਮਹੱਤਵਪੂਰਨ ਵਾਤਾਵਰਣਿਕ ਨੁਹਾਰ ਜਾਂ ਰੱਖਾਂ, ਜਿਵੇਂ ਕਿ ਆਲ੍ਹਣਿਆਂ ਵਾਲੇ ਸਥਾਨ, ਜੰਗਲ, ਦੁਰਲਭ ਪੌਦੇ, ਸੂਖਮ ਚੌਗਰਦੇ (ਪਰਿਆਵਰਣ) ਅਤੇ ਜੰਗਲੀ ਜਾਨਵਰਾਂ ਦੇ ਲਾਂਘਿਆਂ ਨੂੰ ਸੁਰੱਖਿਅਤ ਰੱਖਣਾ ਹੈ। ਆਮ ਕਰਕੇ ਇਹ ਸਮਝੌਤੇ ਚਾਹੁੰਦੇ ਹਨ ਕਿ ਮਾਲਕ ਇਕਰਾਰਨਾਮੇ ਵਾਲੇ ਖੇਤਰ ਨੂੰ ਨਾ ਛੇੜੇ। ਲਿਖਤੀ ਰੂਪ ਵਿਚ ਸੈਨਿਚ ਜਿਲੇ ਵਿਚ 200 ਤੋਂ ਵਧੇਰੇ ਕੁਦਰਤੀ ਅਵਸਥਾ ਵਾਲੇ ਸਥਾਨ ਹਨ। ਕੁਦਰਤੀ ਅਵਸਥਾ ਇਕਰਾਰਨਾਮੇ, ਦਰਖਤਾਂ ਵਾਲੇ ਇਕਰਾਰਾਨਾਮਿਆਂ ਤੋਂ ਵਖਰੇ ਹਨ ਕਿਉਂਕੇ ਉਹ ਸਾਰੇ ਪੌਦਿਆਂ ਅਤੇ ਕੁਦਰਤੀ ਨੁਹਾਰ ਨੂੰ ਸੁਰੱਖਿਅਤ ਕਰਦੇ ਹਨ,ਨਾ ਕੇਵਲ ਦਰਖਤਾਂ ਨੂੰ ਹੀ।



## ਇਕ ਜਾਇਦਾਦ ਦੇ ਮਾਲਕ ਦੇ ਰੂਪ ਵਿਚ ਤੁਸੀਂ ਕੀ ਕਰ ਸਕਦੇ ਹੋ?

ਵਧਾਈਆਂ! ਕਿ ਤੁਸੀਂ ਸੈਨਿਚ ਦੀ ਕੁਦਰਤੀ ਰੱਖ ਵਿੱਚ ਇਕ ਛੋਟੇ ਟੁਕੜੇ ਦੇ ਮਾਲਕ ਹੋ। ਮਾਲਕ ਦੇ ਰੂਪ ਵਿਚ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਇਸ ਇਲਾਕੇ ਦੀ ਸੁਰੱਖਿਅਤਾ ਲਈ ਤੁਸੀਂ ਇਕ ਮਹਾਨ ਭੂਮਿਕਾ ਨਿਭਾ ਰਹੇ ਹੋ। ਇਕਰਾਰਨਾਮੇ ਵਾਲਾ ਇਲਾਕਾ ਤੁਹਾਡੀ ਜਾਇਦਾਦ ਦਾ ਇੱਕ ਹਿੱਸਾ ਹੈ। ਤੁਹਾਡਾ ਹੱਕ ਹੈ ਕਿ ਤੁਸੀਂ ਇਸ ਖੇਤਰ ਦੀ ਵਰਤੋਂ ਕਰੋ ਤੇ ਇਸ ਦਾ ਇਥੋਂ ਤਕ ਅਨੰਦ ਮਾਣੋ ਕਿ ਇਕਰਾਰਨਾਮੇ ਵਾਲੇ ਸਮਝੌਤੇ ਦੀਆਂ ਧਾਰਾਵਾਂ ਦੀ ਉਲੰਘਣਾ ਨਾ ਕਰੋਂ। ਇਕਰਾਰਨਾਮੇ ਵਾਲੀ ਲਿਖਤ ਨੂੰ ਪੂਰੀ ਤਰਾਂ ਨਿਰਣਾ ਕਰਨ ਲਈ ਪੜ੍ਹ ਕੇ ਯਕੀਨੀ ਬਣਾਓ ਕਿ ਇਕਰਾਰਾਨਾਮੇ ਵਾਲੇ ਇਲਾਕੇ ਵਿਚ ਤੁਹਾਨੂੰ ਕੀ ਕਰਨ ਦੀ ਆਗਿਆ ਹੈ। ਸੈਨਿਚ ਦੇ ਬਹੁਤੇ ਕੁਦਰਤੀ ਅਵਸਥਾ ਇਕਰਾਰਨਾਮਿਆਂ ਵਾਲੇ ਇਲਾਕਿਆਂ ਵਿਚ ਤੁਹਾਨੂੰ ਧਮਾਕੇ ਨਾਲ ਤੋੜਨ, ਖੋਦਣ, ਭਰਨ ਅਤੇ ਉਸਾਰੀ ਕਰਨ ਅਤੇ ਕੁਦਰਤੀ ਬਨਾਸਪਤੀ ਨੂੰ ਤਬਾਹ ਕਰਨ ਦੀ ਮਨਾਹੀ ਹੈ। ਬਹੁਤ ਸਾਰੇ ਕੰਮ ਕਰਨ ਤੋਂ ਪਹਿਲਾਂ ਤੁਹਾਨੂੰ ਸੈਨਿਚ ਜਿਲੇ ਪਾਸੋਂ ਲਿਖਤੀ ਮਨਜ਼ੂਰੀ ਲੈਣੀ ਚਾਹੀਦੀ ਹੈ।

## ਬਾਗਬਾਨੀ

ਕੁਦਰਤੀ ਖੇਤਰ ਦੀ ਵਰਤੋਂ ਨਾਲ ਵੀ ਬਹੁਤਾ ਲਾਭ ਨਹੀਂ ਹੋ ਸਕਦਾ! ਅਸੀਂ ਮਾਲਕਾਂ ਨੂੰ ਇਕਰਾਰਨਾਮੇ ਵਾਲੇ ਇਲਾਕੇ ਸੰਭਾਲਣ ਲਈ ਉਤਸ਼ਾਹਿਤ ਕਰਦੇ ਹਾਂ ਕਿ ਹਮਲਾਵਰ ਪੌਦਿਆਂ ਨੂੰ ਉਖਾੜਨ,ਪ੍ਰਵਾਸੀ ਨਦੀਨਾਂ ਤੋਂ ਪੌਦ-ਸੁਰੱਖਿਆ ਕਰਨ,ਭੂਮੀ ਦਾ ਸੰਗਠਿਤ ਸੁਧਾਰ ਕਰਨ ਅਤੇ ਦੇਸੀ ਕਿਸਮਾਂ ਦੇ ਪੌਦੇ ਲਾਉਣ। ਸ਼ਹਿਰੀ ਕੁਦਰਤੀ ਖੇਤਰਾਂ ਵਿੱਚ ਹਮਲਾਵਰ ਪੌਦੇ ਇੱਕ ਆਮ ਸਮੱਸਿਆ ਹਨ,ਖਾਸ ਕਰਕੇ ਅੰਗਰੇਜੀ ਇਸ਼ਕਪੇਚਾ-ਵੇਲ,ਕਾਹੂ ਅਤੇ ਅੱਖੀ(ਬਲੈਕਬੇਰੀ)। ਘੱਟੋ ਘੱਟ ਇਹਨਾਂ ਨੂੰ ਕਾਬੂ ਵਿੱਚ ਰੱਖ ਕੇ ਵਧਣ ਤੋਂ ਰੋਕੋ।

## ਕਾਂਟਛਾਂਟ/ਦਰਖਤ ਪੁੱਟਣਾ

ਕੁਦਰਤੀ ਅਵਸਥਾ ਇਕਰਾਰਨਾਮੇ ਅਤੇ ਦਰਖਤ ਸੁਰੱਖਿਆ ਉਪ-ਨਿਯਮ ਦਰਖਤਾਂ ਦੀ ਰੱਖਿਆ ਕਰਦੇ ਹਨ। ਕਈ ਵਾਰੀ ਦਰਖਤ ਦੀ ਕਾਂਟਛਾਂਟ ਅਤੇ ਖਾਤਮੇ ਦੀ ਆਗਿਆ ਹੁੰਦੀ ਹੈ ਜਦੋਂ ਕਿ ਇਹ ਸੈਨਿਚ ਪਾਰਕਸ ਦੀ ਆਗਿਆ ਨਾਲ,ਮਾਨਤਾ ਪ੍ਰਾਪਤ ਬਾਗਬਾਨ ਨੇ ਕੀਤੀ ਹੋਵੇ। ਮੁਫਤ ਖਾਤਮੇ ਲਈ ਲਿਖਤੀ ਬਿਨੇਪੱਤਰ, ਬਾਗਬਾਨ ਦੇ ਲਿਖਤੀ ਵੇਰਵੇ ਨਾਲ,ਵਾਤਾਵਰਣਿਕ ਸੇਵਾਵਾਂ ਦੇ ਮਹਿਕਮੇਂ ਨੂੰ ਭੇਜੇ ਜਾ ਸਕਦੇ ਹਨ। ਬਦਲਵੇਂ ਦਰਖਤਾਂ ਦੀ ਲੋੜ ਹੋਵੇਗੀ।

## ਪਗਡੰਡੀਆ/ਵਾੜਾਂ

ਇਕਰਾਰਨਾਮੇ ਵਾਲੇ ਇਲਾਕੇ ਵਿਚ ਵਾੜਾਂ ਜਾਂ ਪਗਡੰਡੀਆਂ ਬਣਾਉਣ ਦੇ ਬਿਨੇਪੱਤਰ ਵਿਚਾਰੇ ਜਾਣਗੇ ਜਦੋਂ ਕਿ ਕੋਈ ਦੇਸੀ ਦਰਖਤਾਂ ਜਾਂ ਮਹੱਤਵ ਪੂਰਨ ਬਨਾਸਪਤੀ ਦੇ ਖਾਤਮੇ ਦੀ ਲੋੜ ਨਾ ਹੋਵੇ,ਜਾਂ ਉਸ ਹਾਲਤ ਵਿੱਚ ਵਾੜਾਂ,ਜਾਣੇ ਜਾਂਦੇ ਲਾਂਘੇ ਖੇਤਰ ਵਿੱਚ ਜੰਗਲੀ ਜਾਨਵਰਾਂ ਦਾ ਮਾਰਗ ਬੰਦ ਨਾ ਕਰਨ। ਪਗਡੰਡੀਆਂ ਜਾਂ ਵਾੜਾਂ ਲਾਉਣ ਲਈ ਲਿਖਤੀ ਬਿਨੇਪੱਤਰ ਵਾਤਾਵਰਣਿਕ ਸੇਵਾਵਾਂ ਵਿਭਾਗ ਨੂੰ ਭੇਜੇ ਜਾ ਸਕਦੇ ਹਨ।